HUME CITY COUNCIL

# ਵੇਸਟ ਗਾਈਡ




## ਕਰਬਸਾਈਡ ਬਿਨ (ਸੜਕ ਕੰਢਿਉਂ ਕੂੜੇਦਾਨ) ਇਕੱਠੇ ਕਰਨਾ

ਹਿਊਮ ਨਿਵਾਸੀਆਂ ਨੂੰ ਤਿੰਨ ਕੂੜੇਦਾਨ ਦਿੱਤੇ ਗਏ ਹਨ। ਇਹ ਰੀਸਾਈਕਲਿੰਗ, FOGO (ਭੋਜਨ ਅਤੇ ਬਾਗ ਦੀ ਰਹਿੰਦ-ਖੂੰਹਦ), ਅਤੇ ਕੂੜੇ ਦੇ ਡੱਬੇ ਹਨ।

ਇਹ ਤੁਹਾਡੇ ਆਮ ਘਰੇਲੂ ਕੂੜੇ ਅਤੇ ਮੁੜ ਵਰਤੋਂ ਯੋਗ ਰਹਿੰਦ-ਖੂੰਹਦ ਤੋਂ ਸੁਰੱਖਿਅਤ ਅਤੇ ਆਸਾਨੀ ਨਾਲ ਛੁਟਕਾਰਾ ਪਾਉਣ ਲਈ ਹੈ।

**ਯਾਦ ਰੱਖੋ:**

- ✓ ਆਪਣਾ ਕੂੜਾ ਇਕੱਠਾ ਕਰਕੇ ਲਿਜਾਣ ਵਾਲੇ ਦਿਨ ਤੋਂ ਪਹਿਲਾਂ ਰਾਤ ਨੂੰ ਕੂੜੇਦਾਨਾਂ ਨੂੰ ਬਾਹਰ ਰੱਖੋ।
- ✗ ਆਪਣੇ ਕੂੜੇਦਾਨ ਨੂੰ ਜ਼ਿਆਦਾ ਨਾ ਭਰੋ। ਜੇਕਰ ਕੂੜਾਦਾਨ ਬਹੁਤ ਭਾਰੀ ਹੈ, ਤਾਂ ਇਸਨੂੰ ਖਾਲੀ ਨਹੀਂ ਕੀਤਾ ਜਾ ਸਕਦਾ ਹੈ।

## ਕੂੜਾਦਾਨ ਚੁੱਕਣ ਦਾ ਦਿਨ ਕਦੋਂ ਹੁੰਦਾ ਹੈ?

ਆਪਣੇ ਕੂੜਾਦਾਨ ਚੁੱਕਣ ਦੇ ਦਿਨ ਦਾ ਪਤਾ ਲਗਾਉਣ ਲਈ, **hume.vic.gov.au/find-my-bin-day** 'ਤੇ ਜਾਓ ਜਾਂ **9205 2200** 'ਤੇ ਫ਼ੋਨ ਕਰੋ।

ਅਸੀਂ ਨਵੇਂ ਸਾਲ ਦੇ ਦਿਨ, ANZAC ਦਿਵਸ ਅਤੇ ਕ੍ਰਿਸਮਿਸ ਦਿਵਸ 'ਤੇ ਕੂੜਾ ਇਕੱਠੇ ਨਹੀਂ ਕਰਦੇ ਹਾਂ।

ਇਨ੍ਹਾਂ ਦਿਨਾਂ 'ਤੇ, ਅਸੀਂ ਉਸਤੋਂ ਅਗਲੇ ਦਿਨ ਤੁਹਾਡੇ ਕੂੜਾਦਾਨ ਇਕੱਠੇ ਕਰਾਂਗੇ।

# ਰੀਸਾਈਕਲਿੰਗ ਬਿਨ

**ਇਹ ਕਿਵੇਂ ਯਕੀਨੀ ਬਣਾਉਣਾ ਹੈ ਕਿ ਤੁਸੀਂ ਸਹੀ ਰੀਸਾਈਕਲ ਕਰਦੇ ਹੋ:**

- ✓ ਇਸ ਨੂੰ ਸਾਫ਼ ਰੱਖੋ
- ✗ ਕੋਈ ਭੋਜਨ ਨਹੀਂ
- ✗ ਕੋਈ ਲਿਫ਼ਾਫ਼ਾ ਨਹੀਂ - ਸਾਰੀਆਂ ਚੀਜ਼ਾਂ ਖੁੱਲ੍ਹੀਆਂ ਹੋਣੀਆਂ ਚਾਹੀਦੀਆਂ ਹਨ

**ਕੋਈ ਲਿਫ਼ਾਫ਼ਾ ਜਾਂ ਕੋਈ ਵੀ ਚੀਜ਼ਾਂ ਲਿਫ਼ਾਫ਼ੇ ਵਿੱਚ ਨਹੀਂ ਹੋਣੀਆ ਚਾਹੀਦੀਆਂ**




**ਕਾਗਜ਼ ਅਤੇ ਗੱਤੇ**




**ਕੈਨ, ਐਰੋਸੋਲ ਅਤੇ ਐਲੂਮੀਨੀਅਮ ਫੋਇਲ**



**ਸਖ਼ਤ ਪਲਾਸਟਿਕ ਦੀਆਂ ਬੋਤਲਾਂ ਅਤੇ ਕੰਟੇਨਰ**




**ਕੱਚ ਦੀਆਂ ਬੋਤਲਾਂ ਅਤੇ ਜਾਰ**

# ਆਮ ਕੂੜੇਦਾਨ

ਜਿੱਥੇ ਵੀ ਸੰਭਵ ਹੋਵੇ ਲੈਂਡਫਿਲ ਵਿੱਚ ਕੂੜਾ ਭੇਜਣ ਤੋਂ ਬਚਣ ਦੀ ਕੋਸ਼ਿਸ਼ ਕਰੋ। ਜਦੋਂ ਇੱਕ ਵਾਰ ਕੂੜਾ ਉੱਥੇ ਚਲਾ ਜਾਂਦਾ ਹੈ, ਤਾਂ ਇਹ ਉੱਥੇ ਹੀ ਰਹਿੰਦਾ ਹੈ। ਕੁੱਝ ਕੁ ਕਿਸਮ ਦੇ ਕੂੜੇ ਨੂੰ ਟੁੱਟਣ ਵਿੱਚ ਹਜ਼ਾਰਾਂ ਸਾਲ ਲੱਗ ਸਕਦੇ ਹਨ।

**ਯਾਦ ਰੱਖੋ:**

- ✓ ਭੋਜਨ ਦੀ ਰਹਿੰਦ-ਖੂੰਹਦ ਨੂੰ ਹਰੇ ਕੂੜੇਦਾਨ ਜਾਂ ਖਾਦ ਵਾਲੇ ਕੂੜੇਦਾਨ ਵਿੱਚ ਪਾਓ
- ✓ ਰੀਸਾਈਕਲ ਕਰਨ ਯੋਗ ਡੱਬੇ ਰੀਸਾਈਕਲਿੰਗ ਕੂੜੇਦਾਨ ਵਿੱਚ ਜਾ ਸਕਦੇ ਹਨ
- ✓ ਈ-ਕੂੜੇ ਨੂੰ ਕੌਂਸਲ ਦੇ ਕੂੜਾ ਸੁੱਟਣ ਵਾਲੇ ਸਥਾਨ 'ਤੇ ਲੈ ਜਾਓ
- ✓ ਜਿੱਥੇ ਢੁੱਕਵਾਂ ਹੋਵੇ ਅਤੇ ਮੁੜ ਵਰਤੋਂ ਯੋਗ ਚੀਜ਼ਾਂ ਉਪਲਬਧ ਹੋਣ ਉੱਥੇ ਸਿੰਗਲ ਵਰਤੋਂ ਵਾਲੀਆਂ ਚੀਜ਼ਾਂ ਖ਼ਰੀਦਣ ਤੋਂ ਬਚੋ

**ਲੈਂਡਫਿਲ ਲਈ ਸਮੱਗਰੀ**



**ਟੁੱਟੇ ਹੋਏ ਕੱਚ, ਕਰੌਕਰੀ ਅਤੇ ਸ਼ੀਸ਼ੇ**



**ਨੈਪੀਆਂ ਅਤੇ ਪਾਲਤੂ ਜਾਨਵਰ ਦਾ ਮਲ-ਤਿਆਗ**



**ਆਮ ਕੂੜਾ ਅਤੇ ਪਲਾਸਟਿਕ ਬੈਗ**



**ਗੈਰ-ਦਾਨਯੋਗ ਕੱਪੜੇ ਅਤੇ ਖਿਡੌਣੇ**



## FOGO ਬਿਨ

ਹਿਊਮ ਸਿਟੀ ਕੌਂਸਲ ਨੇ ਇੱਕ ਫੂਡ ਆਰਗੈਨਿਕਸ ਅਤੇ ਗਾਰਡਨ ਆਰਗੈਨਿਕਸ (FOGO) ਕੂੜਾ ਚੁੱਕਣ ਦੀ ਨਵੀਂ ਸੇਵਾ ਪੇਸ਼ ਕੀਤੀ ਹੈ। ਇਸਦਾ ਮਤਲਬ ਹੈ ਕਿ ਸਾਰਾ ਭੋਜਨ ਹੁਣ ਤੁਹਾਡੇ FOGO ਬਿਨ ਵਿੱਚ ਜਾ ਸਕਦਾ ਹੈ।

ਅਸੀਂ ਤੁਹਾਨੂੰ ਤੁਹਾਡੇ ਭੋਜਨ ਦੀ ਰਹਿੰਦ-ਖੂੰਹਦ ਲਈ ਇੱਕ ਮੁਫ਼ਤ ਕਿਚਨ ਕੈਡੀ ਵੀ ਦੇਵਾਂਗੇ।

ਹਰ ਘਰ ਨੂੰ ਜੁਲਾਈ 2024 ਤੋਂ ਇੱਕ FOGO ਬਿਨ ਮਿਲੇਗਾ।







**ਫਲ ਅਤੇ ਸਬਜ਼ੀਆਂ**



**ਸਮੁੰਦਰੀ ਭੋਜਨ ਅਤੇ ਮੀਟ**



**ਟੇਕਵੇਅ ਅਤੇ ਬਚਿਆ ਹੋਇਆ ਭੋਜਨ**



**ਬਾਗ:**
**ਤੇ ਅਤੇ ਬਗੀਚੇ ਦੀ ਕੱਟ-ਵੱਢ, ਨਦੀਨ ਅਤੇ ਘਾਹ ਦੀ ਕੱਟ-ਵੱਢ, ਛੋਟੀਆਂ ਟਾਹਣੀਆਂ ਅਤੇ ਸ਼ਾਖਾਵਾਂ**

## ਟਿੱਪ ਪਾਸ

ਘਰ ਦੇ ਮਾਲਕ ਅਤੇ ਕਿਰਾਏਦਾਰ ਉਹਨਾਂ ਚੀਜ਼ਾਂ ਲਈ ਪ੍ਰਤੀ ਸਾਲ ਦੋ ਟਿੱਪ ਪਾਸ ਪ੍ਰਾਪਤ ਕਰ ਸਕਦੇ ਹਨ ਜੋ ਕੂੜੇਦਾਨ ਵਿੱਚ ਪਾਉਣ ਲਈ ਬਹੁਤ ਵੱਡੀਆਂ ਹੁੰਦੀਆਂ ਹਨ।

ਟਿੱਪ ਪਾਸ ਪ੍ਰਾਪਤ ਕਰਨ ਲਈ ਆਪਣੇ ਰੇਟ ਨੋਟਿਸ 'ਤੇ QR ਕੋਡ ਦੀ ਵਰਤੋਂ ਕਰੋ ਜਾਂ **9205 2200** 'ਤੇ ਗਾਹਕ ਸੇਵਾ ਨਾਲ ਸੰਪਰਕ ਕਰੋ।

## ਰਿਸੋਰਸ ਰਿਕਵਰੀ ਸੈਂਟਰ

ਅਸੀਂ ਆਪਣੀਆਂ ਟਿੱਪਾਂ ਨੂੰ ਰਿਸੋਰਸ ਰਿਕਵਰੀ ਸੈਂਟਰ ਕਹਿੰਦੇ ਹਾਂ।

ਬਹੁਤੀਆਂ ਚੀਜ਼ਾਂ ਨੂੰ ਮੁਫ਼ਤ ਵਿੱਚ ਨਿਪਟਾਇਆ ਜਾ ਸਕਦਾ ਹੈ ਜਿਵੇਂ ਕਿ ਈ-ਕੂੜਾ, ਪੇਂਟ ਅਤੇ ਕੁੱਝ ਕੁ ਰਸਾਇਣ।

ਸਾਡੀ ਵੈੱਬਸਾਈਟ
**hume.vic.gov.au/visit-the-tip** 'ਤੇ ਹੋਰ ਜਾਣੋ



**ਸਥਾਨ:**

**ਕੈਂਪਬੈਲਫੀਲਡ**
ਬੋਲਿੰਡਾ ਰੋਡ ਰਿਸੋਰਸ ਰਿਕਵਰੀ ਸੈਂਟਰ

**ਸਨਬਰੀ**
ਰਿਡਲ ਰੋਡ ਵੇਸਟ ਅਤੇ ਰੀਸਾਈਕਲਿੰਗ ਟ੍ਰਾਂਸਫਰ ਸਟੇਸ਼ਨ ਅਤੇ ਲੈਂਡਫਿਲ

**ਸਾਡੇ ਸੈਂਟਰ ਸੱਤੇ ਦਿਨ* ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਖੁੱਲ੍ਹੇ ਰਹਿੰਦੇ ਹਨ**

*ਨਵੇਂ ਸਾਲ ਦੇ ਦਿਨ, ਗੁੱਡ ਫਰਾਈਡੇ, ਐਨਜ਼ੈਕ ਡੇਅ, ਕ੍ਰਿਸਮਿਸ ਡੇਅ ਅਤੇ ਟੋਟਲ ਫਾਇਰ ਬੈਨ ਵਾਲੇ ਦਿਨ ਬੰਦ ਹੁੰਦੇ ਹਨ।

## ਹਿਊਮ ਕਲੀਨ ਡੇਅ

ਤੁਸੀਂ ਸਾਡੇ ਹਿਊਮ ਕਲੀਨ ਡੇਅ ਸਮਾਗਮਾਂ ਦੌਰਾਨ ਇਹਨਾਂ ਵੱਡੀਆਂ ਘਰੇਲੂ ਚੀਜ਼ਾਂ ਨੂੰ ਟਿੱਪ 'ਤੇ ਮੁਫ਼ਤ ਵਿਚ ਛੱਡ ਸਕਦੇ ਹੋ।

ਹਿਊਮ ਕਲੀਨ ਡੇਅ ਹਰ ਮੌਸਮ (ਮਾਰਚ, ਜੂਨ, ਸਤੰਬਰ ਅਤੇ ਦਸੰਬਰ) ਦੇ ਪਹਿਲੇ ਸ਼ਨੀਵਾਰ ਨੂੰ ਹੁੰਦੇ ਹਨ।

ਹੋਰ ਫਰਨੀਚਰ ਜਾਂ ਕੂੜੇ ਲਈ ਮਿਆਰੀ ਫ਼ੀਸਾਂ ਅਤੇ ਖ਼ਰਚੇ ਲੱਗਣਗੇ।


- ਗੱਦੇ
- ਸੋਫੇ
- ਟਾਇਰ
- ਵ੍ਹਾਈਟਗੁਡਜ਼ (ਫ੍ਰਿਜ, ਵਾਸ਼ਿੰਗ ਮਸ਼ੀਨ ਅਤੇ ਡ੍ਰਾਇਰ ਸਮੇਤ)
- ਈ-ਕੂੜਾ (ਟੈਲੀਵਿਜ਼ਨ, ਕੰਪਿਊਟਰ, ਪ੍ਰਿੰਟਰ, ਡੀਵੀਡੀ, ਸੀਡੀ, ਸਪੀਕਰ, ਸਾਊਂਡ ਉਪਕਰਣ, ਡੀਵੀਡੀ ਪਲੇਅਰ, ਵੀਡੀਓ ਰਿਕਾਰਡਰ, ਮੋਬਾਈਲ ਫੋਨ, ਘਰੇਲੂ ਉਪਕਰਨਾਂ ਸਮੇਤ)

## ਹਾਰਡ ਵੇਸਟ

ਅਸੀਂ ਸਾਲ ਵਿੱਚ ਦੋ ਵਾਰ, ਬਿਨ੍ਹਾਂ ਕਿਸੇ ਵਾਧੂ ਖ਼ਰਚੇ ਦੇ ਤੁਹਾਡੇ ਘਰ ਵਿੱਚੋਂ ਹਾਰਡ ਵੇਸਟ ਇਕੱਠਾ ਕਰਾਂਗੇ। ਅਸੀਂ ਹਰੇਕ ਵਾਰ 3 ਘਣ ਮੀਟਰ ਕੂੜਾ ਇਕੱਠਾ ਕਰਾਂਗੇ, ਜਾਂ ਤੁਸੀਂ ਆਪਣੇ ਦੋ ਵਾਰ ਨੂੰ ਇੱਕ ਵੱਡੇ 6 ਘਣ ਮੀਟਰ ਕੂੜੇ ਵਿੱਚ ਬਦਲ ਸਕਦੇ ਹੋ।

ਤੁਹਾਡੀਆਂ ਵਸਤੂਆਂ ਨੂੰ ਤੁਹਾਡੀ ਜਾਇਦਾਦ ਦੀ ਹੱਦ ਦੇ ਅੰਦਰ ਸਾਫ਼-ਸੁਥਰਾ ਰੱਖਿਆ ਜਾਣਾ ਚਾਹੀਦਾ ਹੈ, ਨਹੀਂ ਤਾਂ ਉਹਨਾਂ ਨੂੰ ਇਕੱਠਾ ਨਹੀਂ ਕੀਤਾ ਜਾ ਸਕਦਾ ਹੈ।

ਤੁਸੀਂ hume.vic.gov 'ਤੇ ਕਿਸੇ ਵੀ ਸਮੇਂ ਔਨਲਾਈਨ ਹਾਰਡ ਵੇਸਟ ਬੁੱਕ ਕਰ ਸਕਦੇ ਹੋ। ਜਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ 9205 2200 'ਤੇ ਕਾਲ ਕਰੋ ਅਤੇ ਵਿਕਲਪ ਤਿੰਨ ਦਬਾਓ।




## ਕੂੜਾ ਅਤੇ ਡੰਪ ਕੀਤਾ ਕੂੜਾ

ਕੂੜਾ ਸੁੱਟਣਾ ਅਤੇ ਗੰਦ ਸੁੱਟਣਾ ਸਾਡੀਆਂ ਗਲੀਆਂ ਨੂੰ ਗੰਦਾ ਬਣਾਉਂਦਾ ਹੈ ਅਤੇ ਸਾਡੇ ਜਲ ਸਾਧਨਾਂ ਅਤੇ ਪਾਰਕਾਂ ਨੂੰ ਪ੍ਰਦੂਸ਼ਿਤ ਕਰ ਸਕਦਾ ਹੈ। ਹਿਊਮ ਨੂੰ ਸਾਫ਼ ਰੱਖਣ ਲਈ ਅਸੀਂ ਸਾਰੇ ਆਪੋ ਆਪਣਾ ਯੋਗਦਾਨ ਪਾ ਸਕਦੇ ਹਾਂ।

## ਡੰਪ ਕੀਤੇ ਕੂੜੇ ਦੀ ਰਿਪੋਰਟ ਕਰੋ

ਗੈਰ-ਕਾਨੂੰਨੀ ਢੰਗ ਨਾਲ ਕੂੜਾ ਸੁੱਟਣ ਵਾਲੇ ਲੋਕਾਂ ਨੂੰ ਭਾਰੀ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇਕਰ ਤੁਸੀਂ ਕਿਸੇ ਨੂੰ ਕੂੜਾ ਸੁੱਟਦੇ ਜਾਂ ਗੰਦ ਪਾਉਂਦੇ ਹੋਏ ਦੇਖਦੇ ਹੋ, ਤਾਂ ਕਿਰਪਾ ਕਰਕੇ ਤੁਰੰਤ ਸਾਡੇ ਨਾਲ ਸੰਪਰਕ ਕਰੋ ਜਾਂ **hume.vic.gov.au/report-an-issue** 'ਤੇ ਔਨਲਾਈਨ ਰਿਪੋਰਟ ਕਰੋ।

**ਹੋਰ ਜਾਣਕਾਰੀ ਲਈ QR ਕੋਡ ਸਕੈਨ ਕਰੋ, hume.vic.gov.au/waste 'ਤੇ ਜਾਓ ਜਾਂ 9205 2200 'ਤੇ ਫ਼ੋਨ ਕਰੋ**

HUME CITY COUNCIL